ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,ਐਸ.ਏ.ਐਸ.ਨਗਰ, ਫੋਨ ਨੰਬਰ:-0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿੱ)
ਪੰਜਾਬ।

ਮੀਮੋ ਨੰਬਰ : E Comp.No.:983799 / 233
ਮਿਤੀ :ਐਸ.ਏ.ਐਸ.ਨਗਰ, 24-09-2025

**ਵਿਸ਼ਾ: Regarding Celebration of World Statistics Day on 20th October, 2025**

**ਹਵਾਲਾ:-** Department of School Education & Literacy (Ministry of Education) GOI ਵੱਲੋਂ ਪ੍ਰਾਪਤ ਪੱਤਰ D.O.No34-1/2023-Stats ਮਿਤੀ 11ਸਤੰਬਰ,2025 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

1.0 ਸੰਯੁਕਤ ਰਾਸ਼ਟਰ (UN Statistical Commission) ਨੇ 20 ਅਕਤੂਬਰ 2010 ਨੂੰ "ਵਿਸ਼ਵ ਅੰਕੜਾ ਦਿਵਸ" ਦੀ ਸ਼ੁਰੂਆਤ ਕੀਤੀ ਗਈ ਸੀ। ਇਹ ਹਰ ਪੰਜ ਸਾਲ ਬਾਅਦ ਮਨਾਇਆ ਜਾਂਦਾ ਹੈ। ਇਸ ਸਾਲ ਚੌਥਾ ਵਿਸ਼ਵ ਅੰਕੜਾ ਦਿਵਸ 20 ਅਕਤੂਬਰ 2025 ਨੂੰ ਮਨਾਇਆ ਜਾ ਰਿਹਾ ਹੈ। ਇਸ ਸਾਲ World Statistics Day **"Quality Statistics and Data for Everyone"** (ਹਰ ਕਿਸੇ ਲਈ ਗੁਣਵੱਤਾ ਵਾਲੇ ਅੰਕੜੇ ਅਤੇ ਡਾਟਾ) ਥੀਮ ਨਾਲ ਮਨਾਇਆ ਜਾ ਰਿਹਾ ਹੈ।

2.0 ਇਹ ਦਿਵਸ ਪੂਰੀ ਦੁਨੀਆ ਵੱਲੋਂ ਮਨਾਇਆ ਜਾਂਦਾ ਹੈ ਤਾਂ ਜੋ ਡਾਟਾ ਅਤੇ ਅੰਕੜਿਆਂ ਦੀ ਮਹੱਤਤਾ ਬਾਰੇ ਜਾਗਰੂਕਤਾ ਵਧੇ। ਸੰਯੁਕਤ ਰਾਸ਼ਟਰ ਦੀ ਅਧਿਕਾਰਕ ਵੈੱਬਸਾਈਟ ਵੀ ਇਸ ਬਾਰੇ ਜਾਣਕਾਰੀ ਦਿੰਦੀ ਹੈ।

**ਅੰਕੜਿਆਂ ਦੀ ਮਹੱਤਤਾ :-**

- ਅੰਕੜੇ (Statistics) ਹਰ ਖੇਤਰ ਵਿੱਚ ਜਿਵੇਂ ਕਿ ਵਿਕਾਸ, ਸਮਾਜਿਕ-ਆਰਥਿਕ ਵਿਸ਼ਲੇਸ਼ਣ, ਅਤੇ ਸ਼ਾਸਨ ਪ੍ਰਣਾਲੀ ਵਿੱਚ ਮਹੱਤਵਪੂਰਣ ਹਨ। ਇਹ ਸਰਕਾਰਾਂ ਦੇ ਕੰਮ ਵਿੱਚ ਮਦਦ ਕਰਦੇ ਹਨ। ਇਹਨਾਂ ਦੀ ਮਦਦ ਨਾਲ ਵਿਕਾਸ ਨੂੰ ਸਮਝਣ ਅਤੇ ਨੀਤੀਆਂ ਬਣਾਉਣ ਵਿੱਚ ਸੁਵਿਧਾ ਮਿਲਦੀ ਹੈ।
- . **Unified District Information System for Education Plus (UDISE+)** - ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਨੇ ਪਿਛਲੇ 10 ਸਾਲਾਂ ਵਿੱਚ ਇਸਨੂੰ ਇੱਕ ਵਿਸ਼ਵਾਸਯੋਗ ਅਤੇ ਸਭ ਤੋਂ ਮਹੱਤਵਪੂਰਣ ਸਿੱਖਿਆ ਡਾਟਾਬੇਸ ਵਜੋਂ ਤਿਆਰ ਕੀਤਾ ਹੈ। ਇਹ ਕੇਵਲ ਭਾਰਤ ਵਿੱਚ ਹੀ ਨਹੀਂ, ਸਾਰੀ ਦੁਨੀਆ ਵਿੱਚ ਮੰਨਿਆ ਜਾ ਰਿਹਾ ਹੈ।
- UDISE+ ਸਰਕਾਰ ਦੇ ਕਈ ਫੈਸਲਿਆਂ ਅਤੇ ਯੋਜਨਾਵਾਂ (ਜਿਵੇਂ ਕਿ PM-YASASVI, PM-VIDYALAXMI, DISHA, SAMAGRA) ਦੇ ਲਈ ਬੁਨਿਆਦੀ ਡਾਟਾ ਪ੍ਰਣਾਲੀ ਵਜੋਂ ਵਰਤਿਆ ਜਾ ਰਿਹਾ ਹੈ।
- UDISE+ ਹੁਣ ਸਿੱਖਿਆ ਪ੍ਰਬੰਧਨ ਅਤੇ ਗਵਰਨੈਂਸ (Governance) ਨਾਲ ਜੁੜਿਆ ਇੱਕ ਮਹੱਤਵਪੂਰਣ ਸਾਧਨ ਬਣ ਗਿਆ ਹੈ।

Scanned with OKEN Scanner

3.0 ਵਿਸ਼ਵ ਅੰਕੜਾ ਦਿਵਸ ' ਮਨਾਉਣ ਲਈ ਹਦਾਇਤਾਂ :-

- 20 ਅਕਤੂਬਰ 2025 ਨੂੰ ਸਕੂਲਾਂ ਵਿੱਚ ਖਾਸ ਸੈਸ਼ਨ ਕਰਨਾ ਲਾਜ਼ਮੀ ਹੈ।ਇਸ ਸੈਸ਼ਨ ਵਿੱਚ UDISE+ ਦੇ ਵੱਖ-ਵੱਖ ਪੱਖਾਂ 'ਤੇ ਚਰਚਾ ਕੀਤੀ ਜਾਵੇ।
- ਵਿਦਿਆਰਥੀਆਂ ਨੂੰ ਅਧਿਆਪਕਾਂ ਅਤੇ ਸਕੂਲ ਪ੍ਰਬੰਧਕਾਂ ਦੁਆਰਾ UDISE+ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਜਾਵੇ।

ਇਸ ਦਿਨ ਦੀ ਮਹਤੱਤਾ ਬਾਰੇ ਸਮੂਹ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਯਕੀਨੀ ਬਣਾਇਆ ਜਾਵੇ।

ਕਿਰਨ ਸ਼ਰਮਾ (ਪੀ.ਸੀ.ਐਸ.)
ਡਾਇਰੈਕਟਰ, ਐਸ.ਸੀ.ਈ.ਆਰ.ਟੀ.,ਪੰਜਾਬ।

ਪਿੱਠ ਅੰਕਣ ਨੰ. ਉਕਤ — ਮਿਤੀ:- ਐਸ.ਏ.ਐਸ. ਨਗਰ, 24-09-2025

ਉਕਤ ਦਾ ਉਤਾਰਾ ਪੀ.ਏ. ਟੂ ਡਾਇਰੈਕਟਰ, ਐਸ.ਸੀ.ਈ.ਆਰ.ਟੀ.,ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

Seema

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ.,ਪੰਜਾਬ।

Scanned with OKEN Scanner